## ਭਗਤ ਨਾਮਦੇਵ - ਸਬਦ ੪੦

## ਦੂਧੁ ਕਟੋਰੈ ਗਡਵੈ ਪਾਨੀ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੩

ਦੂਧੁ ਕਟੋਰੈ ਗਡਵੈ ਪਾਨੀ ॥

ਕਪਲ ਗਾਇ ਨਾਮੈ ਦੁਹਿ ਆਨੀ ॥੧॥

ਦੂਧੁ ਪੀਉ ਗੋਬਿੰਦੇ ਰਾਇ ॥

ਦੂਧੁ ਪੀਉ ਮੇਰੋ ਮਨੁ ਪਤੀਆਇ ॥

ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥

ਸੋੁਇਨ ਕਟੋਰੀ ਅੰਮ੍ਰਿਤ ਭਰੀ ॥

ਲੈ ਨਾਮੈ ਹਰਿ ਆਗੈ ਧਰੀ ॥੨॥

ਏਕੁ ਭਗਤੁ ਮੇਰੇ ਹਿਰਦੇ ਬਸੈ ॥

ਨਾਮੇ ਦੇਖਿ ਨਰਾਇਨੁ ਹਸੈ ॥੩॥

ਦੂਧੁ ਪੀਆਇ ਭਗਤੁ ਘਰਿ ਗਇਆ ॥

ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥

ਸਾਰ: ਦੈਵੀ ਸਤਾ ਦੀ ਪ੍ਰਾਪਤੀ ਦਾ ਮਾਰਗ ਆਪਣੇ ਮੂਲ ਸਰੂਪ ਵਿਚ ਬਹੁਤ ਹੀ ਸਰਲ ਹੈ। ਰੂਹਾਨੀ ਰੁਪਾਂਤ੍ਰਣ ਦੀ ਇਹ ਯਾਤਰਾ ਉਸ ਵੇਲੇ ਆਰੰਭ ਹੁੰਦੀ ਹੈ ਜਦੋਂ ਅਸੀਂ ਆਪਣੇ ਚੰਚਲ ਮਨ ਨੂੰ ਵੰਡ ਪੈਦਾ ਕਰਨ ਵਾਲੀਆਂ ਗੁੰਝਲਦਾਰ ਭਟਕਣਾਂ ਤੋਂ ਹਟਾ ਕੇ ਪਵਿੱਤਰ ਏਕਤਾ ਵੱਲ ਮੋੜਦੇ ਹਾਂ, ਜੋ ਸਾਡੀ ਅੰਤਰ-ਆਤਮਾ ਨੂੰ ਸੰਵਾਰਨ ਵਾਲੀ ਇਕ ਸ਼ਕਤੀਸ਼ਾਲੀ ਤਾਕਤ ਹੈ। ਦੈਵੀ ਸਤਾ ਦਾ ਅਨੁਭਵ ਭੌਤਿਕ ਧਨ-ਦੌਲਤ ਰਾਹੀਂ ਨਹੀਂ ਹੁੰਦਾ; ਇਹ ਤਦੋਂ ਉਦਭਵ ਹੁੰਦਾ ਹੈ ਜਦੋਂ ਅਸੀਂ ਆਪਣੇ ਇਰਾਦਿਆਂ ਅਤੇ ਕਰਮਾਂ ਵਿਚ ਪਾਰਦਰਸ਼ਤਾ, ਨਿਮਰਤਾ ਅਤੇ ਸੱਚਾਈ ਨੂੰ ਧਾਰਨ ਕਰਦੇ ਹਾਂ। ਇਸ ਸਾਦਗੀ ਭਰੀ ਭਾਵਨਾ ਵਿਚ ਰੂਹਾਨੀ ਖੇੜੇ ਦਾ ਵਿਗਾਸ ਹੁੰਦਾ ਹੈ। ਜਿਸ ਨਾਲ ਪਵਿੱਤਰਤਾ ਕੋਈ ਦੂਰ ਅਤੇ ਦੁਰਲੱਭ ਅਨੁਭਵ ਨਾ ਰਹਿ ਕੇ ਸਾਡੇ ਰੋਜ਼ਾਨਾ ਜੀਵਨ ਦੇ ਤਾਣੇ-ਬਾਣੇ ਵਿਚ ਬੁਣੇ ਹੋਏ ਇਕ ਸੁਹਜਮਈ ਤੱਤਸਾਰ ਦਾ ਰੂਪ ਧਾਰਨ ਕਰ ਲੈਂਦੀ ਹੈ।

ਦੂਧੁ ਕਟੋਰੈ ਗਡਵੈ ਪਾਨੀ ॥

ਦੁੱਧ ਨਾਲ ਭਰਿਆ ਛੰਨਾ ਅਤੇ ਪਾਣੀ ਨਾਲ ਭਰਿਆ ਘੜਾ। ਇਹ ਭਾਵ ਦੈਵੀ ਸਰੂਪ ਦੀ ਖੋਜ ਦੇ ਤੱਤਸਾਰ ਨੂੰ ਪ੍ਰਗਟ ਕਰਦਾ ਹੈ। ਦੁੱਧ ਗਿਆਨ ਦਾ ਪ੍ਰਤੀਕ ਹੈ, ਜੋ ਆਤਮਿਕ ਅਹਾਰ ਪ੍ਰਦਾਨ ਕਰਦਾ ਹੈ; ਜਦਕਿ ਪਾਣੀ ਸੱਚਾਈ ਦਾ ਪ੍ਰਤੀਕ ਹੈ, ਜੋ ਜਾਗਰੂਕਤਾ ਨੂੰ ਪਾਲਦਾ ਹੈ।

ਕਪਲ ਗਾਇ ਨਾਮੈ ਦੁਹਿ ਆਨੀ ॥੧॥

ਕਪਿਲਾ ਗਾਂ ਦਾ ਦੁੱਧ ਭਗਤ ਨਾਮਦੇਵ ਭੇਟਾ ਵਜੋਂ ਲੈ ਕੇ ਆਏ। ਇਹ ਕਰਮ ਇਕ ਪਾਕ ਅੰਤਰ-ਆਤਮਾ ਦਾ ਪ੍ਰਤੀਕ ਹੈ। ਕਪਿਲ ਗਾਂ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ; ਜੋ ਨਿਰਮਲ ਇਰਾਦੇ ਅਤੇ ਸ਼ਰਧਾ ਵੱਸ ਭੇਟ ਕੀਤੇ ਦੁੱਧ ਨੂੰ ਇਮਾਨ ਕੇਂਦਰਿਤ ਕਰਮ ਵਜੋਂ ਦਰਸਾਉਂਦੀ ਹੈ। (੧)

ਦੂਧੁ ਪੀਉ ਗੋਬਿੰਦੇ ਰਾਇ ॥

ਹੇ ਸਰਬਸਾਂਝੀ ਸਤਾ, ਇਸ ਦੁੱਧ ਦਾ ਸੇਵਨ ਕਰੋ। ਇਹ ਭਾਵ ਇਸ ਵਿਸ਼ਵਾਸ ਦਾ ਪ੍ਰਤੀਕ ਹੈ ਕਿ ਦੈਵੀ ਸਰੂਪ ਕੇਵਲ ਕੋਈ ਪ੍ਰਤੀਕ ਨਹੀਂ, ਸਗੋਂ ਹਰ ਜੀਵ ਅੰਦਰ ਵਿਆਪਕ ਇਕ ਜੀਵੰਤ ਸ਼ਕਤੀ ਹੈ।

ਦੂਧੁ ਪੀਉ ਮੇਰੋ ਮਨੁ ਪਤੀਆਇ ॥

ਇਸ ਦੁੱਧ ਦਾ ਸੇਵਨ ਕਰੋ, ਕਿਉਂਕਿ ਇਸ ਨਾਲ ਮੇਰੀ ਅੰਤਰ-ਆਤਮਾ ਨੂੰ ਤ੍ਰਿਪਤੀ ਮਿਲੇਗੀ ਅਤੇ ਮਨ ਵਿਚ ਸ਼ਾਂਤੀ ਦਾ ਅਨੁਭਵ ਹੋਵੇਗਾ। ਇਹ ਕਰਮ ਅੰਤਰੀਵੀ ਸਦਭਾਵਨਾ ਅਤੇ ਭਰਪੂਰਤਾ ਬਾਰੇ ਦਰਸਾਉਂਦਾ ਹੈ।

ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥

ਨਹੀਂ ਤਾਂ ਘਰ ਵਿਚ ਮੇਰੇ ਪਿਤਾ ਮੇਰੇ ਨਾਲ ਰੁੱਸ ਜਾਣਗੇ। ਇਸ ਦ੍ਰਿਸ਼ਟਾਂਤ ਵਿਚ ਪਿਤਾ ਮਨੁੱਖ ਦੇ ਅੰਦਰ ਵੱਸਦੀ ਅੰਤਰ-ਆਤਮਾ ਦਾ ਪ੍ਰਤੀਕ ਹੈ, ਜੋ ਅਸੰਗਤਤਾ ਦੇ ਵਿਰੁੱਧ ਰਾਹਨੁਮਾਈ ਦਿਖਾਉਂਦੀ ਹੈ। (੧)(ਠਹਿਰਾਉ)

ਸੁੋਇਨ ਕਟੋਰੀ ਅੰਮ੍ਰਿਤ ਭਰੀ ॥

ਚਮਕਦਾਰ ਸੁਨਹਿਰੀ ਕਟੋਰਾ, ਅੰਮ੍ਰਿਤ ਨਾਲ ਭਰਿਆ ਹੋਇਆ ਹੈ। ਇਹ ਭਾਵ ਅੰਤਰੀਵੀ ਆਪੇ ਦੇ ਰੁਪਾਂਤ੍ਰਣ ਨੂੰ ਇਕ ਅਦਭੁਤ ਬਰਤਨ ਵਜੋਂ ਦਰਸਾਉਂਦਾ ਹੈ ਜਿਸ ਵਿਚ ਸਪੱਸ਼ਟਤਾ ਦੀ ਬਾਕੀਮਤੀ ਚਮਕ ਹੁੰਦੀ ਹੈ।

ਲੈ ਨਾਮੈ ਹਰਿ ਆਗੈ ਧਰੀ ॥੨॥

ਨਾਮਦੇਵ ਆਖਦੇ ਹਨ ਕਿ ਉਨ੍ਹਾਂ ਨੇ ਇਸ ਨੂੰ ਸਵੀਕਾਰ ਕਰਕੇ ਸਰਬਵਿਆਪਕ ਹਜ਼ੂਰੀ ਵਿਚ ਅਰਪਿਤ ਕਰ ਦਿੱਤਾ। ਇਹ ਭਾਵ ਸੱਚ ਨੂੰ ਆਪਣੇ ਜੀਵਨ ਵਿਚ ਅੰਗੀਕਾਰ ਕਰਨ ਅਤੇ ਉਸ ਦੇ ਤੱਤਸਾਰ ਨੂੰ ਇਮਾਨਦਾਰੀ ਨਾਲ ਪ੍ਰਗਟ ਕਰਨ ਦੀ ਵਚਨਬੱਧਤਾ ਦਾ ਪ੍ਰਤੀਕ ਹੈ। (੨)

ਏਕੁ ਭਗਤੁ ਮੇਰੇ ਹਿਰਦੇ ਬਸੈ ॥

ਏਕਮ ਸਤਾ ਪ੍ਰਤੀ ਸ਼ਰਧਾ ਦਾ ਵਾਸ ਮੇਰੇ ਹਿਰਦੇ ਵਿਚ ਹੈ। ਇਹ ਭਾਵ ਉਸ ਆਨੰਦਮਈ ਅਵਸਥਾ ਦਾ ਪ੍ਰਤੀਕ ਹੈ, ਜਿਸ ਵਿਚ ਏਕਤਾ ਨੂੰ ਧਾਰਨ ਕਰਨ ਨਾਲ ਵੰਡ ਅਤੇ ਟਕਰਾਅ ਲਈ ਕੋਈ ਥਾਂ ਨਹੀਂ ਰਹਿੰਦੀ।

ਨਾਮੇ ਦੇਖਿ ਨਰਾਇਨੁ ਹਸੈ ॥੩॥

ਨਾਮਦੇਵ ਨੂੰ ਵੇਖ ਕੇ ਸਰਬਵਿਆਪਕ ਚੇਤਨਾ ਮੁਸਕਰਾਈ। ਇਹ ਮੁਸਕਾਨ ਉਸ ਆਤਮ-ਬੋਧ ਦਾ ਪ੍ਰਤੀਕ ਹੈ, ਜਿਸ ਵਿਚ ਇਹ ਅਨੁਭਵ ਹੁੰਦਾ ਹੈ ਕਿ ਜਿਸ ਦੈਵੀ ਸਤਾ ਦੀ ਖੋਜ ਬਾਹਰ ਕੀਤੀ ਜਾ ਰਹੀ ਸੀ, ਉਸ ਦਾ ਵਾਸ ਤਾਂ ਆਪਣੀ ਹੀ ਚੇਤਨਾ ਅੰਦਰ ਹੈ। (੩)

ਦੂਧੁ ਪੀਆਇ ਭਗਤੁ ਘਰਿ ਗਇਆ ॥

ਭਗਤ ਦੁੱਧ ਦਾ ਸੇਵਨ ਕਰਵਾ ਆਪਣੇ ਘਰ ਚਲਾ ਗਿਆ। ਇਹ ਭਾਵ ਆਪਣੇ ਅਸਲ ਸਰੂਪ ਵੱਲ ਵਾਪਸੀ ਦਾ ਪ੍ਰਤੀਕ ਹੈ, ਜਿੱਥੇ ਭਰਮਾਂ ਵਿਚ ਭਟਕਣ ਤੋਂ ਬਾਅਦ ਮਨ ਨੂੰ ਸ਼ਾਂਤੀ ਅਤੇ ਅੰਤਰੀਵੀਂ ਸਕੂਨ ਪ੍ਰਾਪਤ ਹੁੰਦਾ ਹੈ।

ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥

ਨਾਮਦੇਵ ਆਖਦੇ ਹਨ ਕਿ ਉਨ੍ਹਾਂ ਨੇ ਸਰਬਵਿਆਪਕ ਦੈਵੀ ਸਤਾ ਦਾ ਅਨੁਭਵ ਕੀਤਾ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਏਕਤਾ ਪ੍ਰਤੀ ਸਮਰਪਣ ਸੱਚਾ ਹੋ ਜਾਂਦਾ ਹੈ, ਤਾਂ ਦਿਵਯਤਾ ਦੀ ਹਜ਼ੂਰੀ ਹਰ ਇਕ ਅੰਦਰ ਪ੍ਰਤੱਖ ਦਿਸਣ ਲੱਗਦੀ ਹੈ। (੪)(੩)

ਤੱਤ: ਭਗਤ ਨਾਮਦੇਵ ਸਾਡੇ ਅੰਤਰੀਵੀ ਜੀਵਨ ਵਿਚ ਕੋਮਲਤਾ ਦੇ ਮਹੱਤਵ ਉੱਤੇ ਜ਼ੋਰ ਦਿੰਦੇ ਹਨ। ਉਹ ਸੰਕੇਤ ਕਰਦੇ ਹਨ ਕਿ ਅਸਲ ਮਹੱਤਵ ਸਾਡੀਆਂ ਭੇਟਾਂ ਦੀ ਸ਼ਾਨੋ-ਸ਼ੌਕਤ ਦਾ ਨਹੀਂ, ਸਗੋਂ ਸਾਡੇ ਇਰਾਦਿਆਂ ਦੀ ਪਵਿੱਤਰਤਾ ਦਾ ਹੈ। ਪ੍ਰਤੀਕਾਤਮਕ ਤੌਰ 'ਤੇ ਦੁੱਧ ਪੋਸ਼ਣ ਦੇ ਰੂਪ ਵਿਚ ਇਕਾਗਰਤਾ ਨੂੰ ਦਰਸਾਉਂਦਾ

ਹੈ, ਜਦਕਿ ਪਾਣੀ ਰੂਹਾਨੀ ਟਿਕਾਵ ਲਈ ਲੋੜੀਂਦੀ ਇਮਾਨਦਾਰੀ ਦਾ ਪ੍ਰਤੀਕ ਹੈ। ਬਰਤਨ ਉਨ੍ਹਾਂ ਵਿਚਾਰਾਂ ਦਾ ਪ੍ਰਤੀਕ ਹਨ, ਜੋ ਚੇਤਨਾ ਨੂੰ ਧਾਰਨ ਕਰਦੇ ਹਨ, ਅਤੇ ਅੰਮ੍ਰਿਤ ਨਾਲ ਭਰਿਆ ਸੁਨਹਿਰੀ ਪਾਤਰ ਉਸ ਅੰਤਰ-ਆਤਮਾ ਦਾ ਪ੍ਰਤੀਕ ਹੈ, ਜੋ ਸਪਸ਼ਟਤਾ ਅਤੇ ਸੱਚ ਨਾਲ ਪਰਿਪੂਰਨ ਹੁੰਦੀ ਹੈ। ਮੁਸਕਾਨ ਉਸ ਆਨੰਦ ਨੂੰ ਦਰਸਾਉਂਦੀ ਹੈ, ਜੋ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਸਾਡਾ ਸਮਰਪਣ ਸਹਿਜ, ਇਕਾਗਰ ਅਤੇ ਪੁਖਤਾ ਰੂਪ ਵਿਚ ਹੁੰਦਾ ਹੈ। ਇਸ ਮਨੋਬਿਰਤੀ ਦੇ ਧਾਰਨੀ ਹੋ ਅਸੀਂ ਆਪਣੇ ਵਿਚਾਰਸ਼ੀਲ ਮਨ ਨਾਲ ਦੁਬਾਰਾ ਜੁੜ ਸਕਦੇ ਹਾਂ, ਜਿਸ ਨਾਲ ਸਾਡਾ ਰੂਹਾਨੀ ਜੀਵਨ ਪ੍ਰਫੁੱਲਤ ਹੁੰਦਾ ਹੈ ਅਤੇ ਸਥਿਰਤਾ ਨਾਲ ਅੱਗੇ ਵਧਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**